# Phone call between Prime Minister Shri Narendra Modi and H.E. Mr. Mark Rutte, Prime Minister of the Netherlands

July 13, 2022

---

## ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਨੀਦਰਲੈਂਡ ਦੇ ਪ੍ਰਧਾਨ ਮੰਤਰੀ ਮਹਾਮਹਿਮ ਸ੍ਰੀ ਮਾਰਕ ਰੂਟੇ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ

13 ਜੁਲਾਈ, 2022

ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਅੱਜ ਨੀਦਰਲੈਂਡ ਦੇ ਪ੍ਰਧਾਨ ਮੰਤਰੀ, ਮਹਾਮਹਿਮ ਸ੍ਰੀ ਮਾਰਕ ਰੂਟੇ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ।

ਦੋਹਾਂ ਨੇਤਾਵਾਂ ਨੇ ਭਾਰਤ-ਨੀਦਰਲੈਂਡ ਦੁਵੱਲੇ ਸਬੰਧਾਂ 'ਤੇ ਚਰਚਾ ਕੀਤੀ, ਜਨ੍ਹਿਾਂ ਵਿੱਚ ਪਾਣੀ 'ਤੇ ਰਣਨੀਤਕ ਸਾਂਝੇਦਾਰੀ, ਖੇਤੀਬਾੜੀ ਦੇ ਪ੍ਰਮੁੱਖ ਖੇਤਰਾਂ ਵਿੱਚ ਸਹਯਿੋਗ, ਉੱਚ ਤਕਨੀਕ ਅਤੇ ਉੱਭਰ ਰਹੇ ਖੇਤਰਾਂ ਵਿੱਚ ਦੁਵੱਲੇ ਸਹਯਿੋਗ ਦੀ ਸੰਭਾਵਨਾ ਆਦਿ ਸ਼ਾਮਲ ਹਨ। ਦੋਹਾਂ ਨੇਤਾਵਾਂ ਨੇ ਭਾਰਤ-ਯੂਰੋਪੀਅਨ ਯੂਨੀਅਨ ਦੇ ਸਬੰਧਾਂ ਅਤੇ ਹਦਿ-ਪ੍ਰਸ਼ਾਂਤ ਖੇਤਰ ਵਿੱਚ ਸਾਂਝੇ ਦ੍ਰਸ਼ਿਟੀਕੋਣ ਅਤੇ ਸਹਯਿੋਗ ਸਮੇਤ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਵਚਿਾਰਾਂ ਦਾ ਅਦਾਨ-ਪ੍ਰਦਾਨ ਕੀਤਾ।

ਹਾਲ ਹੀ ਦੇ ਸਾਲਾਂ ਵਿੱਚ ਭਾਰਤ-ਨੀਦਰਲੈਂਡ ਸਬੰਧ ਲਗਾਤਾਰ ਉੱਚ ਪੱਧਰੀ ਦੌਰਿਆਂ ਅਤੇ ਗੱਲਬਾਤ ਨਾਲ ਸਬੰਧ ਹੋਰ ਮਜ਼ਬੂਤ ਹੋਏ ਹਨ। ਦੋਵਾਂ ਪ੍ਰਧਾਨ ਮੰਤਰੀਆਂ ਦੇ ਦਰਮਆਿਨ ਸਖਿਰ ਬੈਠਕ 09 ਅਪ੍ਰੈਲ 2021 ਨੂੰ ਵਰਚੁਅਲੀ ਹੋਈ ਸੀ ਅਤੇ ਉਦੋਂ ਤੋਂ ਦੋਹਾਂ ਨੇਤਾਵਾਂ ਦੇ ਦਰਮਆਿਨ ਨਯਿਮਤਿ ਗੱਲਬਾਤ ਹੁੰਦੀ ਰਹੀ ਹੈ। ਵਰਚੁਅਲ ਸਖਿਰ ਬੈਠਕ ਦੇ ਦੌਰਾਨ ਨੀਦਰਲੈਂਡ ਦੇ ਨਾਲ 'ਪਾਣੀ 'ਤੇ ਰਣਨੀਤਕ ਭਾਈਵਾਲੀ' ਦੀ ਸੁਰੂਆਤ ਕੀਤੀ ਗਈ ਸੀ।

ਇਸ ਸਾਲ, ਭਾਰਤ ਅਤੇ ਨੀਦਰਲੈਂਡ ਸਾਂਝੇ ਤੌਰ 'ਤੇ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੇ 75 ਸਾਲਾਂ ਦਾ ਜਸ਼ਨ ਮਨਾ ਰਹੇ ਹਨ। ਇਸ ਵਸ਼ਿੇਸ਼ ਪ੍ਰਾਪਤੀ ਨੂੰ 4-7 ਅਪ੍ਰੈਲ 2022 ਤੱਕ ਭਾਰਤ ਦੇ ਰਾਸ਼ਟਰਪਤੀ ਦੀ ਨੀਦਰਲੈਂਡ ਦੀ ਸਰਕਾਰੀ ਯਾਤਰਾ ਨਾਲ ਮਨਾਇਆ ਗਿਆ।

ਨਵੀਂ ਦਿੱਲੀ
13 ਜੁਲਾਈ, 2022

DISCLAIMER: This is an approximate translation. The original is available in English on MEA's website and may be referred to as the official press release.